ਸਮੇਂ ਸੁੱਖਾ ਕਾਹਲਵਾਂ ਦਾ ਮੀਡੀਆ ਪ੍ਰਚਾਰਕ ਹੈ। ਦੂਜੇ ਪਾਸੇ ਬੇਅੰਤ ਕਿਸੇ ਸਮੇਂ ਰੰਗਿਟਰ ਪੰਡਿਤ ਜੋ ਕਿ ਰੋਪੜ ਦਾ ਰਹਿਣ ਵਾਲਾ ਹੈ ਤੇ

# ਮਾਡਰਨ ਇੰਸਟੀਚਿਊਟ ਦਾ ਆਗਾਜ਼

**ਤੇਜਿੰਦਰ ਕੌਰ ਥਿੰਦ, ਜਲੰਧਰ**

ਐੱਮਬੀਡੀ ਗਰੁਪ ਵੱਲੋਂ ਐੱਮਬੀਡੀ ਮਾਲ ਵਿਖੇ ਮਾਡਰਨ ਇੰਸਟੀਚਿਊਟ ਦੀ ਓਪਨਿੰਗ ਕੀਤੀ ਗਈ। ਗਰੁੱਪ ਦੇ ਚੇਅਰਪਰਸਨ ਸਤੀਸ਼ ਬਾਲਾ ਮਲਹੋਤਰਾ ਅਤੇ ਐੱਮਡੀ ਮੋਨਿਕਾ ਮਲਹੋਤਰਾ ਕਾਂਧਾਰੀ ਨੇ ਪ੍ਰੈੱਸ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਜਲੰਧਰ ਦੇ ਵਿਦਿਆਰਥੀ ਵੱਖ-ਵੱਖ ਪੇਪਰਾਂ ਦੀ ਤਿਆਰੀ ਲਈ ਦੂਜੇ ਸ਼ਹਿਰਾਂ 'ਚ ਜਾਂਦੇ ਹਨ। ਪੰਜਾਬ ਹਮੇਸ਼ਾ ਐੱਮਬੀਡੀ ਗਰੁੱਪ ਦੇ ਦਿਲ ਦੇ ਨੇੜੇ ਰਿਹਾ ਹੈ। ਇਹੋ ਕਾਰਨ ਹੈ ਕਿ ਅਸੀਂ ਪੰਜਾਬ 'ਚ ਆਪਣਾ ਪਹਿਲਾ ਇੰਸਟੀਚਿਊਟ ਲਾਂਚ ਕਰ ਰਹੇ ਹਾਂ। ਹੁਣ ਵਿਦਿਆਰਥੀ ਜਲੰਧਰ ਵਿਖੇ ਰਹਿਕੇ ਵੀ ਵੱਖ-ਵੱਖ ਕੋਰਸਾਂ ਦੀ ਪੜ੍ਹਾਈ ਕਰ ਸਕਣਗੇ।

ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਲਈ ਮਾਡਰਨ ਇੰਸਟੀਚਿਊਟ ਸੈਂਟਰ ਖੋਲ੍ਹਿਆ ਗਿਆ ਹੈ। ਇਸ ਸੈਂਟਰ 'ਚ ਵਿਦਿਆਰਥੀ ਜੇਈਈ ਮੇਨਸ, ਐਡਵਾਂਸ ਨੀਟ, ਏਮਜ਼ ਅਤੇ ਬੋਰਡ ਦੇ ਮੁਕਾਬਲਿਆਂ ਦੀ ਕੋਚਿੰਗ ਲੈ ਸਕਣਗੇ। ਸੀਬੀਐੱਸਸੀ, ਆਈਸੀਐੱਸਈ ਗਿਆਰਵ੍ਹੀਂ, ਬਾਰ੍ਹਵੀਂ ਵਰਗੇ ਕੋਰਸਾਂ ਦੀ ਤਿਆਰੀ ਵੀ ਸੈਂਟਰ 'ਚ ਕਰਵਾਈ ਜਾਵੇਗੀ। ਸੈਂਟਰ 'ਚ ਕੋਚਿੰਗ ਲੈਣ ਵਾਲੇ ਵਿਦਿਆਰਥੀਆਂ ਲਈ ਸਕਾਲਰਸ਼ਿਪ ਦੀ ਵੀ ਯੋਜਨਾ ਹੈ ਤਾਂ ਜੋ ਜ਼ਰੂਰਤਮੰਦ ਵਿਦਿਆਰਥੀਆਂ ਨੂੰ ਇਸ ਦਾ ਲਾਭ ਮਿਲ ਸਕੇ। ਜੁਆਇੰਟ ਮੈਨੇਜਿੰਗ ਡਾਇਰੈਕਟਰ ਸੋਨਿਕਾ ਮਲਹੋਤਰਾ ਨੇ ਕਿਹਾ ਕਿ ਪੰਜਾਬ 'ਚ ਚਾਰ ਸੈਂਟਰ ਖੋਲ੍ਹੇ ਜਾਣਗੇ। ਸੈਂਟਰ 'ਚ ਫੁਲ ਟਾਈਮ ਕੋਰਸ, ਪ੍ਰਾਬਲਮ ਸੋਲਵਿੰਗ ਸੈਸ਼ਨ ਵੀ ਹੋਣਗੇ। ਵਿਦਿਆਰਥੀਆਂ ਨੇ ਕੋਚਿੰਗ 'ਚ ਕੀ ਸਿੱਖਿਆ ਅਤੇ ਉਸ ਦੀ ਰਿਪੋਰਟ ਵਿਦਿਆਰਥੀਆਂ ਦੇ ਮਾਪਿਆਂ ਨੂੰ ਦਿੱਤੀ ਜਾਵੇਗੀ। ਸੈਂਟਰ 'ਚ 30 ਵਿਦਿਆਰਥੀਆਂ ਦਾ ਬੈਚ ਰੱਖਿਆ ਗਿਆ ਹੈ। ਵਿਦਿਆਰਥੀਆਂ ਲਈ ਆਨਲਾਈਨ ਕੋਰਸ ਵੀ ਉਪਲੱਬਧ ਕਰਵਾਏ ਜਾ ਰਹੇ ਹਨ। ਡਿਜੀਟਲ ਤਕਨੀਕ ਰਾਹੀਂ ਆਨਲਾਈਨ ਅਧਿਆਪਨ ਸਮੱਗਰੀ ਦੇਕੇ ਉਨ੍ਹਾਂ ਦੀ ਵਿੱਦਿਅਕ ਗੁਣਵੱਤਾ ਵਧਾਉਣ ਦੇ ਨਾਲ ਮੁਲਾਂਕਣ ਵੀ ਕੀਤਾ ਜਾਵੇਗਾ। ਗਰੁੱਪ ਦੇ ਐਕਜ਼ੀਕਿਊਟਿਵ ਡਾਇਰੈਕਟਰ ਬਲਵੰਤ ਸ਼ਰਮਾ ਨੇ ਕਿਹਾ ਕਿ ਸਾਰਾ ਸਲੇਬਸ ਸਮਾਂ ਨਿਰਧਾਰਿਤ ਹੈ, ਜਿਸ ਨੂੰ ਮਾਹਿਰਾਂ ਦੀ ਟੀਮ ਵੱਲੋਂ ਤਿਆਰ ਕੀਤਾ ਗਿਆ ਹੈ। ਮਾਡਰਨ ਇੰਸਟੀਚਿਊਟ ਅੱਜ ਦੀਆਂ ਸਾਰੀਆਂ ਜ਼ਰੂਰਤਾਂ ਨਾਲ ਲੈਸ ਹੈ।




**ਸੰਬੋਧਨ ਕਰਦੇ ਹੋਏ ਐੱਮਬੀਡੀ ਗਰੁੱਪ ਦੀ ਚੇਅਰਪਰਸਨ ਸੰਗੀਤਾ ਬਾਲਾ ਚੋਪੜਾ, ਐੱਮਡੀ ਮੋਨਿਕਾ ਮਲਹੋਤਰਾ, ਜੁਆਇੰਟ ਐੱਮਡੀ ਸੋਨਿਕਾ ਤੇ ਹੋਰ।**